**International Journal of Multidisciplinary Education and Research**
**ISSN: 2455-4588**
**www.newresearchjournal.com/multieducation**
**Volume 1; Issue 1; March 2016; Page No. 26-27**

# ਸੰਯੁਕਤ ਪੰਜਾਬੀ ਸਭਿਆਚਾਰ : ਇਤਿਹਾਸਕ ਪਰਿਪੇਖ

**Dr. Rachhpal Singh Uppal**

Guru Nanak Khalsa College, Abohar, Punjab, India.

ਜਦੋਂ ਹੀ ਅਸੀਂ ਪੰਜਾਬੀ ਸਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਉਸੇ ਵਕਤ ਸਾਡੇ ਜ਼ਿਹਨ ਵਿਚ ਪੰਜਾਬ ਦਾ ਵਿਸ਼ਾਲ ਇਤਿਹਾਸਕ ਪਿਛੋਕੜ ਠਾਠਾਂ ਮਾਰਨ ਲੱਗਦਾ ਹੈ। ਪੰਜਾਬ ਸਦੀਆਂ ਤੋਂ ਹੀ ਸਵਦੇਸ਼ੀਆਂ ਤੇ ਵਿਦੇਸ਼ੀਆਂ ਦੇ ਧਿਆਨ ਦਾ ਕੇਂਦਰ ਰਿਹਾ ਹੈ। ਸਾਡਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਪੰਜਾਬ ਨੂੰ ਅਨੇਕਾਂ ਇਤਿਹਾਸਕਾਰਾਂ, ਸਾਹਿਤਕਾਰਾਂ, ਯਾਤਰੀਆਂ, ਵਿਗਿਆਨੀਆਂ ਅਤੇ ਸੈਲਾਨੀਆਂ ਨੇ ਵੱਖਰੇ-ਵੱਖਰੇ ਨਾਵਾਂ ਤੇ ਖ਼ਿਤਾਬਾਂ ਨਾਲ ਵਡਿਆਇਆ ਹੈ। ਕਿਸੇ ਇਤਿਹਾਸਕਾਰ ਨੇ ਪੰਜਾਬ ਨੂੰ 'ਹਿੰਦਸਥਾਨ ਦਾ ਝਰੋਖਾ' ਜਾਂ 'ਸ਼ਾਹੀ ਦਰਵਾਜ਼ਾ', ਕਿਸੇ ਨੇ 'ਲਘੂ ਏਸ਼ੀਆ', ਕਿਸੇ ਨੇ 'ਸਭਿਅਤਾ ਦਾ ਪੰਘੂੜਾ', ਕਿਸੇ ਨੇ 'ਹਿੰਦਸਥਾਨ ਦਾ ਚਿਹਰਾ', ਅਤੇ ਕਿਸੇ ਨੇ 'ਖੜਗ-ਭੁਜਾ' ਦਾ ਦਰਜਾ ਦਿੱਤਾ ਹੈ। ਇਸ ਖੋਜ-ਪੱਤਰ ਨੂੰ ਪੇਸ਼ ਕਰਨ ਦਾ ਮੇਰਾ ਮਨੋਰਥ ਪੰਜਾਬ ਦੇ ਸੰਯੁਕਤ ਸਭਿਆਚਾਰ ਨੂੰ ਇਤਿਹਾਸਕ ਪੱਖ ਤੋਂ ਵਿਚਾਰਨਾ ਹੈ।

ਕਿਸੇ ਸਭਿਆਚਾਰ ਦੇ ਨਿਖਾਰ ਤੇ ਪ੍ਰਸਾਰ ਲਈ ਭੂਗੋਲਿਕ ਵਾਤਾਵਰਨ ਅਤੇ ਇਤਿਹਾਸਕ ਅਭਿਆਸ ਬਹੁਤ ਵੱਡਾ ਰੋਲ ਅਦਾ ਕਰਦਾ ਹੈ। ਇਹ ਗੱਲ ਪੰਜਾਬ ਦੇ ਸੰਯੁਕਤ ਸਭਿਆਚਾਰ 'ਤੇ ਪੂਰੀ ਤਰ੍ਹਾਂ ਢੁੱਕਵੀਂ ਪ੍ਰਤੀਤ ਹੁੰਦੀ ਹੈ ਕਿਉਂਕਿ ਪੰਜਾਬੀਅਤ ਕੁਦਰਤ ਦੇ ਅਜਿਹੇ ਪੰਘੂੜੇ ਵਿਚ ਪਲੀ ਹੈ, ਜਿਸਦੇ ਇੱਕ ਪਾਸੇ ਬਹੁਤ ਉੱਚੇ, ਦੁੱਧ ਵਰਗੇ ਚਿੱਟੇ, ਠੰਢੇ ਬਰਫਾਨੀ ਪਹਾੜ ਹਨ ਅਤੇ ਦੂਸਰੇ ਪਾਸੇ ਰੇਗਿਸਥਾਨ ਦੇ ਤਪਦੇ ਮਾਰੂਥਲ ਹਨ। ਇਹਨਾਂ ਦੋਵਾਂ ਪਾਸਿਆਂ ਦੇ ਵਿਚਕਾਰ ਘਿਰਿਆ ਹੋਇਆ ਪੰਜਾਬ ਦਾ ਇਲਾਕਾ ਅਜਿਹੇ ਸੰਯੁਕਤ ਸਭਿਆਚਾਰ ਨੂੰ ਆਪਣੇ ਵਿਚ ਸਮੋਈ ਬੈਠਾ ਹੈ ਕਿ ਇਸ ਵਿਚ ਜੋ ਕੁਝ ਵੀ ਕਿਸੇ ਪਾਸਿਓਂ ਡਿੱਗਿਆ ਹੈ, ਸਭ ਜਜ਼ਬ ਹੋ ਗਿਆ ਹੈ। ਪੰਜਾਬੀ ਸਭਿਆਚਾਰ ਦਾ ਇੰਨਾ ਵੱਡਾ ਹਾਜ਼ਮਾ ਹੀ ਇਸਨੂੰ ਸੰਯੁਕਤ ਸਭਿਆਚਾਰ ਦਾ ਦਰਜਾ ਦਿਵਾਉਂਦਾ ਹੈ। ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਇੱਕ ਟਿੱਪਣੀ ਇਸ ਪ੍ਰਕਾਰ ਹੈ:-

> *ਪੰਜਾਬੀ ਸਭਿਆਚਾਰ ਭਾਰਤ ਭੂਮੀ ਦਾ ਪ੍ਰਥਮ ਸਭਿਆਚਾਰ ਹੈ। ਸਹੀ ਮਾਇਨਿਆਂ ਵਿਚ ਹਿੰਦੁਸਤਾਨ ਦਾ ਸਭਿਆਚਾਰਿਕ ਇਤਿਹਾਸ ਹੀ ਪੰਜਾਬ ਤੋਂ ਸ਼ੁਰੂ ਹੁੰਦਾ ਹੈ।*[1]

ਪੰਜਾਬ ਭਾਰਤ ਦਾ ਉਹ ਹਿੱਸਾ ਹੈ ਜਿੱਥੇ ਮੁੱਢ ਤੋਂ ਹੀ ਵੱਖ-ਵੱਖ ਸਭਿਆਚਾਰਾਂ ਦੇ ਲੋਕ ਆਉਂਦੇ ਰਹੇ ਹਨ ਅਤੇ ਪੰਜਾਬ ਦੇ ਸਭਿਆਚਾਰ ਨੂੰ ਨਿਰੰਤਰ ਪ੍ਰਭਾਵਿਤ ਕਰਦੇ ਰਹੇ ਹਨ। ਉਨ੍ਹਾਂ ਬਾਹਰਲੇ ਸਭਿਆਚਾਰਾਂ ਨਾਲ ਪੰਜਾਬੀ ਸਭਿਆਚਾਰ ਦਾ ਆਪਸੀ ਵਟਾਂਦਰਾ ਵੀ ਹੁੰਦਾ ਰਿਹਾ ਹੈ। ਇਹ ਵਟਾਂਦਰਾ ਹੀ ਸੰਯੁਕਤ ਸਭਿਆਚਾਰ ਦਾ ਆਧਾਰ ਬਣਿਆ ਹੈ। ਪੰਜਾਬ ਵਿਚ ਆਰੀਆ ਦੇ ਪ੍ਰਵੇਸ਼ ਨਾਲ ਸੰਯੁਕਤ ਪੰਜਾਬੀ ਸਭਿਆਚਾਰ ਦਾ ਪਹਿਲਾ ਪੜਾਅ ਸ਼ੁਰੂ ਹੁੰਦਾ ਹੈ। ਕੁਝ ਲੋਕ ਆਰੀਆ ਤੋਂ ਪਹਿਲਾਂ ਦੇ ਪੰਜਾਬ ਵਿਚ ਸਭਿਆਚਾਰ ਜਿਹੀ ਕਿਸੇ ਵਸਤੂ ਦੀ ਹੋਂਦ ਨੂੰ ਨਹੀਂ ਮੰਨਦੇ ਪਰੰਤੂ ਕੇ. ਸੀ. ਆਰਯਨ ਦਾ ਵਿਚਾਰ ਉਨ੍ਹਾਂ ਦੇ ਭੁਲੇਖੇ ਨੂੰ ਦੂਰ ਕਰਦਾ ਹੈ ਜਿਵੇਂ :-

> *ਉਨ੍ਹਾਂ ਬੇਖਬਰ ਲੋਕਾਂ ਨੂੰ ਖ਼ਬਰ ਹੋਣੀ ਚਾਹੀਦੀ ਹੈ ਕਿ ਪੰਜਾਬ ਸੱਭਿਆਚਾਰਕ ਵਿਰਸੇ ਦੇ ਭਾਰੀ ਸਰਮਾਏ ਦਾ ਮਾਲਕ ਹੈ। ਦਰਅਸਲ ਕਲਚਰ ਨਾ ਤਾਂ ਇੱਕੋ ਦਿਨ ਵਿਚ ਬਣਦਾ ਹੈ ਅਤੇ ਨਾ ਹੀ ਇੱਕ ਦਿਨ ਵਿਚ ਢਹਿੰਦਾ ਹੈ। ਕਲਚਰ ਦੀ ਸਥਾਪਤੀ ਲਈ ਸਦੀਆਂ ਨਹੀਂ ਸਗੋਂ ਸਹਸ੍ਰਬਦੀਆਂ ਲੱਗਦੀਆਂ ਹਨ।*[2]

ਪੁਰਾਤਨ ਇਤਿਹਾਸਕ ਖੋਜਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਰੀਆ ਦੇ ਆਉਣ ਤੋਂ ਪਹਿਲਾਂ ਵੀ ਪੰਜਾਬ ਵਿਚ ਵਿਕਸਿਤ ਸਭਿਆਚਾਰ ਮੌਜੂਦ ਸੀ ਜਿਸਦੀ ਸਭ ਤੋਂ ਵੱਡੀ ਮਿਸਾਲ 'ਹੜੱਪਾ ਸਭਿਅਤਾ' ਦੀ ਦਿੱਤੀ ਜਾ ਸਕਦੀ ਹੈ।ਇੱਥੋਂ ਦੇ ਲੋਕ ਕਬੀਲਿਆਂ ਵਿਚ ਵਸਦੇ ਸਨ ਅਤੇਇਹਨਾਂ ਦਾ ਕੋਈ ਵਿਸ਼ੇਸ਼ ਧਰਮ ਨਹੀਂ ਸੀ। ਜਦੋਂ ਆਰੀਆ ਨੇ ਇਹਨਾਂ ਲੋਕਾਂ 'ਤੇ ਜਿੱਤ ਪ੍ਰਾਪਤ ਕਰ ਲਈ ਤਾਂ ਉਨ੍ਹਾਂ ਨੇ ਪੰਜਾਬ ਵਿਚ ਕੇਂਦਰੀ ਰਾਜ-ਸੱਤਾ ਅਧੀਨ ਵਰਨ-ਆਸ਼ਰਮ ਧਰਮ ਦੇ ਨਿਯਮਾਂ ਅਨੁਸਾਰ ਸਮਾਜ ਦੇ ਵਿਭਿੰਨ ਸਮੂਹਾਂ ਨੂੰ ਸੰਗਠਿਤ ਕੀਤਾ। ਆਰੀਆ ਦੁਆਰਾ ਸਥਾਪਿਤ ਕੇਂਦਰੀ ਰਾਜ-ਸੱਤਾ ਹੌਲੀ-ਹੌਲੀ ਏਸ਼ੀਆਈ ਸਾਮੰਤਵਾਦ ਦਾ ਰੂਪ ਧਾਰਨ ਕਰਦੀ ਗਈ ਅਤੇ ਵਰਨ-ਆਸ਼ਰਮ, ਧਰਮ, ਜਾਤ-ਪਾਤੀ ਦਰਜਾਬੰਦੀ ਵਿਚ ਤਬਦੀਲ ਹੁੰਦਾ ਗਿਆ। ਪੰਜਾਬ ਦੇ ਆਦਿ ਕਬੀਲੇ ਇਸ ਵਿਵਸਥਾ ਦਾ ਅੰਗ ਬਣਦੇ ਗਏ ਅਤੇ ਇਉਂ ਇਹ ਪ੍ਰਣਾਲੀ ਸੰਯੁਕਤ ਪੰਜਾਬੀ ਸਭਿਆਚਾਰ ਦਾ ਅੰਗ ਬਣਨਲੱਗੀ। ਆਰੀਆ ਦੀ ਜਾਤ-ਪਾਤੀ ਪ੍ਰਣਾਲੀ, ਜਨਮਜਾਤ ਨਾ ਬਰਾਬਰੀ ਦੇ ਨਿਯਮ ਉੱਤੇ ਆਧਾਰਿਤ ਹੋਣ ਦੇ ਬਾਵਜੂਦ ਇੰਨੀ ਸ਼ਕਤੀਸ਼ਾਲੀ ਸਿੱਧ ਹੋਈ ਕਿ ਇਸ ਨੇ ਹਰ ਭਾਂਤ ਦੇ ਜਨ-ਸਮੂਹਾਂ ਦੇ ਵੱਖਰੇ ਸਭਿਆਚਾਰ ਨੂੰ ਕਾਇਮ ਰੱਖਦਿਆਂ ਹੋਇਆਂ ਉਨ੍ਹਾਂ ਨੂੰ ਆਪਣੇ ਵਿਚ ਜਜ਼ਬ ਕਰ ਲਿਆ। ਇਸੇ ਤਰ੍ਹਾਂ ਆਰੀਆ ਦੇ ਆਉਣ ਤੋਂ ਲੈ ਕੇ ਮੁਸਲਮਾਨਾਂ ਦੇ ਆਉਣ ਤੱਕ ਜਿੰਨੇ ਵੀ ਵਿਦੇਸ਼ੀ ਪੰਜਾਬ ਵਿਚ ਆ ਕੇ ਵਸੇ, ਉਹ ਸਾਰੇ ਜਾਤੀਗਤ ਪ੍ਰਣਾਲੀ ਦਾ ਅੰਗ ਬਣਦੇ ਗਏ। ਇਸ ਪ੍ਰਣਾਲੀ ਅਧੀਨ ਹਰੇਕ ਜਾਤੀ ਦੇ ਲੋਕਾਂ ਨੂੰ ਆਪਣੇ ਸਭਿਆਚਾਰਕ ਰਿਵਾਜਾਂ ਨੂੰ ਪਾਲਣ ਦੀ ਉਦੋਂ ਤੱਕ ਖੁੱਲ੍ਹ ਸੀ, ਜਦੋਂ ਤੱਕ ਉਹ ਇਸ ਪ੍ਰਣਾਲੀ ਦੇ ਨਿਯਮਾਂ ਨੂੰ ਨਹੀਂ ਤੋੜਦੇ ਸਨ। ਇਸ ਤਰ੍ਹਾਂ ਆਰੀਆ ਦਾ ਸਭਿਆਚਾਰ ਅਸਲ ਵਿਚ ਸੰਯੁਕਤ ਸਭਿਆਚਾਰ ਹੀ ਹੈ ਜਿਸਦਾ ਆਧਾਰ ਜਾਤ-ਪਾਤ ਪ੍ਰਣਾਲੀ ਹੈ। ਹਰ ਤਰ੍ਹਾਂ ਦੀ ਜਨਮਜਾਤ ਨਾ-ਬਰਾਬਰੀ ਦੇ ਨਿਯਮਾਂ ਉੱਤੇ ਆਧਾਰਿਤ ਹੋਣ ਦੇ ਬਾਵਜੂਦ ਇਹ ਪ੍ਰਣਾਲੀ ਪੰਜਾਬ ਦੇ ਲੋਕਾਂ ਨੂੰ ਅੱਜ ਤੱਕ ਵੀ ਇੱਕਮੁੱਠਕਰੀ ਬੈਠੀ ਹੈ।

ਪੰਜਾਬ ਵਿਚ ਮੁਸਲਮਾਨਾਂ ਦੇ ਆਉਣ ਨਾਲ ਸੰਯੁਕਤ ਪੰਜਾਬੀ ਸਭਿਆਚਾਰ ਦਾ ਦੂਸਰਾ ਦੌਰ ਸ਼ੁਰੂ ਹੁੰਦਾ ਹੈ। ਇਸਲਾਮੀ ਸਭਿਆਚਾਰ, ਆਰੀਆ ਸਭਿਆਚਾਰ ਨਾਲੋਂ ਭਿੰਨ ਵੀ ਸੀ ਅਤੇ ਉਸ ਦਾ ਕੱਟੜ-ਵਿਰੋਧੀ ਵੀ। ਮੁਸਲਮਾਨਾਂ ਦੇ ਇਸਲਾਮੀ ਸਭਿਆਚਾਰ ਵਿਚ ਆਰੀਆ ਦੇ ਬਹੁਦੇਵਵਾਦ, ਜਾਤ-ਪਾਤ, ਵੇਦਾਂ ਦੀ ਪਵਿੱਤਰਤਾ, ਮੂਰਤੀ-ਪੂਜਾ ਅਤੇ ਅਹਿੰਸਾ ਨੂੰ ਕੋਈ ਥਾਂ ਨਹੀਂ ਸੀ। ਇਸਲਾਮੀ ਸਭਿਆਚਾਰ ਨੇ ਹਿੰਦੂਆਂ ਦੇ ਸਾਮੰਤਵਾਦੀ ਵਰਗਾਂ, ਜੋ ਕਿ ਜਾਤ-ਪਾਤ ਦੇ ਸਿਧਾਂਤ ਅਨੁਸਾਰ ਕਸ਼ੱਤਰੀ ਜਾਂ ਬ੍ਰਾਹਮਣ ਹੀ ਹੋ ਸਕਦੇ ਸਨ, ਕੋਲੋਂ ਆਰਥਿਕ ਅਤੇ ਰਾਜਨੀਤਕ ਸੱਤਾ ਬਾਹਰੋਂ ਆਏ ਮੁਸਲਮਾਨਾਂ ਨੂੰ ਸੌਂਪਣੀ ਸੀ ਜਿਸ ਵਿਚ ਇਹ ਸਭਿਆਚਾਰ ਬਹੁਤ ਹੱਦ ਤੱਕ ਸਫ਼ਲ ਹੋਇਆ। ਇਸ ਤਰ੍ਹਾਂ ਪੰਜਾਬ ਵਿਚ ਇਸਲਾਮੀ ਸਭਿਆਚਾਰ ਦਾ ਪ੍ਰਵੇਸ਼ ਜੇਤੂ ਸਭਿਆਚਾਰ ਦੇ ਤੌਰ 'ਤੇ ਹੋਇਆ। ਡਾ. ਬੁੱਧ ਪ੍ਰਕਾਸ਼ ਦਾ ਕਹਿਣਾ ਹੈ:-

> *ਪੰਜਾਬ ਦੇ ਲੋਕਾਂ ਨੇ ਲਕੀਰ ਦੇ ਫ਼ਕੀਰ ਵਾਲੇ ਪੁਰਾਣੇ ਦਕਿਆਨੂਸੀ ਖਿਆਲਾਂ ਨੂੰ ਅਤੇ ਗੰਗਾ-ਜਮੁਨਾ ਵਾਦੀ ਦੇ ਜਾਤਾਂ-ਗੋਤਾਂ ਵਿਚ ਤਿੜਕੇ ਹੋਏ "ਬੰਦ" ਕਲਚਰ ਨੂੰ ਤਿਆਗ ਦਿੱਤਾ। ਪੰਜਾਬੀਆਂ ਦੇ ਕਲਚਰ ਵਿਰ ਖਿਆਲਾਂ ਤੇ ਅਖ਼ਲਾਕ ਦੀ ਲਚਕ, ਖੁੱਲ੍ਹ ਤੇ ਵਿਸ਼ਾਲਤਾ ਆ ਗਈ।*[3]

ਇਹਨਾਂ ਦੋਹਾਂ ਸਭਿਆਚਾਰਾਂ ਵਿਚਲਾ ਘੋਲ ਪੰਜਾਬ-ਵਾਸੀਆਂ ਲਈ ਘਾਤਕ ਸੀ। ਸਮੇਂ ਦੀ ਮੰਗ ਅਨੁਸਾਰ ਇਸ ਸਮੇਂ ਪੰਜਾਬ ਵਿਚ ਦੋ ਅਜਿਹੀਆਂ ਲਹਿਰਾਂ ਪੈਦਾ ਹੋਈਆਂ, ਜਿੰਨ੍ਹਾਂ ਨੇ ਪੰਜਾਬ ਦੇ ਮੁਸਲਮਾਨਾਂ ਅਤੇ ਹਿੰਦੂਆਂ ਨੂੰ ਇੱਕੋ ਲੜੀ ਵਿਚ ਪਰੋਣ ਦੇ ਯਤਨ ਕੀਤੇ। ਪਹਿਲੀ ਲਹਿਰ ਮੁਸਲਮਾਨਾਂ ਵਿਚੋਂ

ਪੈਦਾ ਹੋਈ ਜੋ ਸੂਫ਼ੀਮਤ ਦੇ ਨਾਂ ਹੇਠ ਵਿਕਸਿਤ ਹੋਈ ਅਤੇ ਦੂਸਰੀਲਹਿਰ ਸਿੱਖ-ਧਰਮ ਦੇ ਰੂਪ ਵਿਚ ਉੱਠੀ। ਇਹਨਾਂ ਦੋਵਾਂ ਲਹਿਰਾਂ ਵਿਚ ਕੁਝ ਸਾਂਝਾਂ ਅਤੇਕੁਝ ਵਖਰੇਵੇਂ ਵੀ ਸਨ। ਸਿੱਖ ਲਹਿਰ, ਹਿੰਦੂ ਅਤੇ ਮੁਸਲਮਾਨ ਦੋਹਾਂ ਦੀ ਸਾਮੰਤਵਾਦੀ ਸੰਸਕ੍ਰਿਤੀ ਦੀ ਕੱਟੜ-ਵਿਰੋਧੀ ਸੀ ਅਤੇ ਇਸਦੇ ਖਿਲਾਫ਼ ਕਿਸਾਨਾਂ, ਕਾਰੀਗਰਾਂ, ਕਾਮਿਆਂ ਅਤੇ ਵਪਾਰੀਆਂ ਦੇ ਹਿਤ ਦਾ ਪੈਂਤੜਾ ਉਸਾਰਨ ਦਾ ਉਦੇਸ਼ ਲੈ ਕੇ ਚੱਲੀ ਸੀ। ਇਸ ਉਦੇਸ਼ ਦੀ ਪੂਰਤੀ ਲਈ ਇਸ ਲਹਿਰ ਨੇ ਸਾਂਝੀ ਸਮਾਜਿਕ ਜਥੇਬੰਦੀ ਦੀ ਉਸਾਰੀ ਲਈ ਲਗਭਗ ਦੋ ਸੌ ਸਾਲ ਲਗਾਤਾਰ ਘੋਲ ਕੀਤਾ ਜਿਸਦੇ ਸਿੱਟੇ ਵਜੋਂ ਖਾਲਸੇ ਦੀ ਸਿਰਜਨਾ ਹੋਈ। ਬਹੁਤ ਸਾਰੇ ਲੋਕਾਂ ਨੇ ਹਿੰਦੂ ਅਤੇ ਮੁਸਲਮਾਨ ਧਰਮ ਛੱਡ ਕੇ ਸਿੱਖ ਧਰਮ ਨੂੰ ਵੀ ਅਪਨਾਇਆ ਜੋ ਪੰਜਾਬੀ ਸਭਿਆਚਾਰ ਦੇ ਵਿਕਾਸ ਵੱਲ ਵੱਡਾ ਕਦਮ ਸੀ ਪਰ ਇਹ ਅੰਸ਼ ਪੰਜਾਬੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਵੀ ਹਨ, ਫ਼ਰਕ ਸਿਰਫ਼ ਮਾਤਰਾ ਦਾ ਹੈ ਕਿਸਮ ਦਾ ਨਹੀਂ, ਕਿਸਮ ਦਾ ਫ਼ਰਕ ਪੰਜਾਬ ਅਤੇ ਯੂ.ਪੀ. ਜਾਂ ਮਦਰਾਸ ਦੇ ਹਿੰਦੂਆਂ ਜਾਂ ਮੁਸਲਮਾਨਾਂ ਵਿਚ ਵੇਖਿਆ ਜਾ ਸਕਦਾ ਹੈ ਕਿ ਸਿੱਖ ਧਰਮ ਨੇ ਜੋ ਪੰਜਾਬੀ ਸਥਿਤੀ ਦੀ ਉਪਜ ਵੀ ਸੀ, ਇੱਥੋਂ ਦੇ ਸਭਿਆਚਾਰ ਨੂੰ ਰੱਬੀ ਪ੍ਰਵਾਨਗੀ ਦੇ ਕੇ ਹੋਰ ਵੀ ਸੰਯੁਕਤ ਅਤੇ ਵਿਕਸਿਤ ਕਰ ਦਿੱਤਾ।

ਪੰਜਾਬ ਉੱਪਰ ਅੰਗਰੇਜ਼ੀ ਰਾਜ ਦੇ ਕਾਇਮ ਹੋਣ ਉਪਰੰਤ ਸੰਯੁਕਤ ਪੰਜਾਬੀ ਸਭਿਆਚਾਰ ਦਾ ਤੀਸਰਾ ਦੌਰ ਸ਼ੁਰੂ ਹੁੰਦਾ ਹੈ। ਆਰੀਆ ਅਤੇ ਮੁਸਲਮਾਨ ਜਿੰਨ੍ਹਾਂ ਨੇ ਪੰਜਾਬ ਉੱਤੇ ਹਜ਼ਾਰਾਂ ਸਾਲ ਹੁਕਮ ਚਲਾਇਆ, ਉਹ ਵੀ ਬਾਹਰੋਂ ਹੀ ਆਏ ਸਨ ਪਰੰਤੂ ਇੱਥੋਂ ਦੇ ਹੀ ਵਸਨੀਕ ਬਣ ਗਏ ਸਨ ਜਿਸ ਕਾਰਨ ਉਨ੍ਹਾਂ ਦਾ ਹਿਤ ਦੇਸ਼ ਵਿਰੋਧੀ ਨਹੀਂ ਸੀ ਪਰੰਤੂ ਅੰਗਰੇਜ਼ ਸਹੀ ਅਰਥਾਂ ਵਿਚ ਸਾਮਰਾਜੀਏ ਸਨ। ਅੰਗਰੇਜ਼ਾਂ ਨੇ ਆਪਣੀ ਕੂਟਨੀਤਕ ਚਾਲ ਨਾਲ 'ਪਾੜੋ ਤਾ ਰਾਜ ਕਰੋ' ਦਾ ਰਸਤਾ ਅਪਨਾਇਆ।ਧਰਮ, ਭਾਸ਼ਾ ਅਤੇ ਜਾਤ-ਪਾਤ ਦੇ ਨਾਮ ਉੱਤੇ ਲੋਕਾਂ ਨੂੰ ਲੜਾਇਆ। ਕੁਝ ਸਮੇਂ ਬਾਅਦ ਜਦੋਂ ਪੰਜਾਬੀਆਂ ਨੂੰ ਅੰਗਰੇਜ਼ਾਂ ਦੀ ਕੂਟਨੀਤਕ ਚਾਲ ਸਮਝ ਆਈ ਤਾਂ ਉਹ ਇੱਕ ਵਾਰ ਫੇਰ ਹਿੰਦੂ, ਮੁਸਲਮਾਨ ਅਤੇ ਸਿੱਖ ਇਕੱਠੇ ਹੋ ਕੇ ਰਾਸ਼ਟਰੀ ਚੇਤਨਾ ਦੇ ਨਾਂ ਹੇਠ, ਅੰਗਰੇਜ਼ਾਂ ਦੇ ਚੁੰਗਲ ਵਿਚੋਂ ਛੁਟਕਾਰਾ ਪਾਉਣ ਲਈ ਯਤਨ ਕਰਨ ਲੱਗੇ। ਸਿੱਖ ਲਹਿਰ ਦੀ ਤਰ੍ਹਾਂ ਰਾਸ਼ਟਰੀ ਚੇਤਨਾ ਨੇ ਵੀ ਅਜਿਹੇ ਰਿਵਾਜ਼ ਚਾਲੂ ਕੀਤੇ ਜਿਹੜੇ ਧਰਮ-ਨਿਰਪੱਖ ਜਮਹੂਰੀਅਤ ਦੇ ਚਿੰਨ੍ਹ ਬਣੇ ਕੌਮੀ ਝੰਡੇ, ਕੌਮੀ ਗੀਤ ਅਤੇ ਕੌਮੀ ਸ਼ਹੀਦਾਂ ਦੀਆਂ ਯਾਦਗਾਰਾਂ। ਪੰਜਾਬ ਦੀ ਗਦਰ ਲਹਿਰ, ਪਰਜਾ ਮੰਡਲ ਲਹਿਰ,ਕਾਂਗਰਸ ਲਹਿਰ, ਨੌਜਵਾਨ ਭਾਰਤ ਸਭਾ ਅਤੇ ਕਿਰਤੀ ਕਿਸਾਨ ਪਾਰਟੀਆਂ ਨੇ ਧਰਮ-ਨਿਰਪੱਖ ਜਮਹੂਰੀ ਸਾਂਝੇ ਪੰਜਾਬੀ ਸਭਿਆਚਾਰ ਦੇ ਨਿਰਮਾਣ ਵਿਚ ਆਪਣਾ-ਆਪਣਾ ਹਿੱਸਾ ਪਾਇਆ। ਉਪਰੋਕਤ ਸਮੁੱਚੀ ਚਰਚਾ ਨੂੰ ਸੰਖੇਪ ਵਿਚ ਸਮੇਟਣਾ ਹੋਵੇ ਤਾਂ ਡਾ. ਰਵਿੰਦਰ ਸਿੰਘ ਰਵੀ ਦੀ ਹੇਠ ਲਿਖੀ ਟਿੱਪਣੀ ਸਾਰੀ ਚਰਚਾ ਦਾ ਨਿਚੋੜ ਕਹੀ ਜਾ ਸਕਦੀ ਹੈ :-

> *ਪੰਜਾਬ ਇੱਕ ਸਰਹੱਦੀ ਇਲਾਕਾ ਹੋਣ ਕਰਕੇ ਇਸਨੂੰ ਆਪ ਸਿਰਜੇ ਸਭਿਆਚਾਰ ਦੀ ਸੁਤੰਤਰ ਸਥਾਪਤੀ ਲਈ ਕਦੇ ਨਿਰਵਿਘਨ ਇਤਿਹਾਸਕ ਦੌਰ ਪ੍ਰਾਪਤ ਨਹੀਂ ਹੋਇਆ।*[4]

**ਹਵਾਲੇ ਅਤੇ ਟਿੱਪਣੀਆਂ**


1) ਪ੍ਰੇਮ ਪ੍ਰਕਾਸ਼ ਸਿੰਘ, ਪੰਜਾਬੀ ਸਭਿਆਚਾਰ ਦੇ ਸਰੋਤ, ਅਮਰਜੀਤ ਸਿੰਘ (ਸੰਪਾ.), *ਪੰਜਾਬੀ ਸਭਿਆਚਾਰ ਇੱਕ ਵਿਸ਼ਲੇਸ਼ਣ*, ਪੰਨਾ-36
2) K. C. Aryan, The Cultural Heritage Of Punjab, Page-14
3) Buddha Prakash, Political And Social Movements in Ancient Punjab, Page-7
4) ਰਵਿੰਦਰ ਸਿੰਘ ਰਵੀ, *ਆਰਥਿਕ ਵਿਕਾਸ ਅਤੇ ਸਭਿਆਚਾਰਕ ਤਬਦੀਲੀ*, ਪੰਨਾ-83